ਮਿਤੀ ਬੱਧ/ਅਤਿ ਜਰੂਰੀ

## ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ,

## 012-ਰਾਜਾਸਾਂਸੀ ਵਿਧਾਨ ਸਭਾ ਚੋਣ ਹਲਕਾ-ਕਮ-ਜਿਲ੍ਹਾ ਮਾਲ ਅਫਸਰ,ਅੰਮ੍ਰਿਤਸਰ

ਨੰਬਰ:-ਚੋਣ-2016/012/..630...... ਮਿਤੀ:..15/9/16.......

ਵੱਲ,

1-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਕੋਹਾਲੀ
2-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਖਿਆਲਾ ਕਲਾਂ
3-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਓਠੀਆਂ
4-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਟਪਿਆਲਾ
5-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਭਿੰਡੀਸੈਦਾਂ
6-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਲੋਪੋਕੇ
7-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਹਰਸਾ ਛਿਨਾਂ
8-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਮਲੂ ਨੰਗਲ
9-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ (ਲੜਕੇ) ਰਾਜਾਸਾਂਸੀ
10-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ (ਲੜਕੀਆਂ) ਰਾਜਾਸਾਂਸੀ
11-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਜਗਦੇਵ ਕਲਾਂ
12-ਪਿੰਸੀਪਲ ਸਰਕਾਰੀ ਸੀਨੀ ਸਕੈ ਸਕੂਲ ਬੱਚੀਵਿੰਡ

ਵਿਸ਼ਾ:- ਮਿਤੀ 01/01/2017 ਦੀ ਯੋਗਤਾ ਮਿਤੀ ਦੇ ਅਧਾਰ ਤੇ ਫੋਟੋ ਵੋਟਰ ਸੂਚੀ ਦੀ ਸਰਸਰੀ ਸੁਧਾਈ 2017 ਦੋਰਾਨ ਵੋਟਾਂ ਦੀ ਵੱਧ ਤੋ ਵੱਧ ਰਜਿਸਟ੍ਰੇਸਨ ਲਈ ਸਕੈ ਸਕੂਲਾਂ ਦੇ ਮੁੱਖੀਆਂ ਨਾਲ ਮੀਟਿੰਗ

ਹਵਾਲਾ:-ਜਿਲਾ ਚੋਣ ਦਫਤਰ ਪੱਤਰ ਨੰ:-1067 ਮਿਤੀ 12-09-2016 ਦੇ ਸਬੰਧ ਵਿੱਚ।

ਉਪਰੋਕਤ ਵਿਸੇ ਅਤੇ ਹਵਾਲੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ 18-19 ਸਾਲ ਵਰਗ ਦੇ ਨਾਗਰਿਕਾਂ ਦੀ ਵੱਧ ਤੋ ਵੱਧ ਰਜਿਸਟ੍ਰੇਸਨ ਕੀਤੀ ਜਾਣੀ ਹੈ ਇਸ ਰਜਿਸਟ੍ਰੇਸਨ ਤਹਿਤ ਈ ਆਰ ਓ 012 ਰਾਜਾਸਾਂਸੀ ਕਮ ਡੀ ਆਰ ਓ ਅੰਮ੍ਰਿਤਸਰ ਦੇ ਦਫਤਰ ਵਿਖੇ ਮਿਤੀ 16-09-2016 ਨੂੰ ਮੀਟਿੰਗ ਰਖੀ ਗਈ ਹੈ। ਇਸ ਮੀਟਿੰਗ ਵਿੱਚ ਆਉਣ ਸਮੇ ਆਪ ਦੇ ਅਧੀਨ ਪੈਂਦੇ ਸਕੂਲ ਵਿੱਚ ਪੜਦੇ ਵਿਦਿਆਰਥੀ ਜਿਹਨਾਂ ਦੀ ਜਨਮ ਮਿਤੀ 01-01-1999 ਜਾਂ ਉਸ ਤੋ ਪਹਿਲਾਂ ਦੀ ਹੈ ਦੀ ਲਿਸਟ ਨਿਮਨ ਪ੍ਰਫਾਰਮੇ ਅਨੁਸਾਰ ਮੀਟਿੰਗ ਵਿੱਚ ਨਾਲ ਲੈ ਕੇ ਆਉਣ। ਸਮਾਂ : 3.00pm(NAGAR PANCHAYAT OFFICE RAJASANSI)

| ਲੜੀ ਨੰ | ਵਿਦਿਆਰਥੀ ਦਾ ਨਾਮ | ਵਿਦਿਆਰਥੀ ਦੇ ਪਿਤਾ ਦਾ ਨਾਮ | ਜਨਮ ਮਿਤੀ | ਵਿਦਿਆਰਥੀ ਦੇ ਘਰ ਤਾ ਪੱਤਾ |
|---|---|---|---|---|

ਸਕੂਲ ਦੇ ਮੁੱਖੀ ਦੇ ਹਸਤਾਖਰ

ਚੋਣਕਾਰ ਰਜਿਸਟਰੇਸ਼ਨ ਅਫਸਰ
12-ਰਾਜਾਸਾਂਸੀ ਚੋਣ ਹਲਕਾ-ਕਮ-
ਜਿਲ੍ਹਾ ਮਾਲ ਅਫਸਰ, ਅੰਮ੍ਰਿਤਸਰ।

ਨੰ:ਚੋਣ-2016/012/..631-633...... ਮਿਤੀ:..15/9/16........

ਇਸ ਦਾ ਇਕ ਉਤਾਰਾ :-

1. ਜਿਲਾ ਚੋਣ ਅਫਸਰ, ਅੰਮ੍ਰਿਤਸਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

OFFICE OF THE

DISTRICT ELECTION OFFICER-CUM-DEPUTY COMMISSIONER, AMRITSAR

(Old Blood Bank Near Ram Bagh Railway Phatak, Amritsar)

Phone No. 0183-2227118 Email - electeh.amritsar@gmail.com

ਸੇਵਾ ਵਿਖੇ

ਜਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕੇ।

ਪੱਤਰ ਨੰ. ਚੋਣ-2016/ 1067 ਮਿਤੀ : ਅੰਮ੍ਰਿਤਸਰ 12 ਸਤੰਬਰ, 2016.

ਵਿਸ਼ਾ ਮਿਤੀ 01.01.2017 ਦੀ ਯੋਗਤਾ ਮਿਤੀ ਦੇ ਆਧਾਰ ਤੇ ਫੋਟੋ ਵੋਟਰ ਸੂਚੀ ਦੀ ਸਰਸਰੀ ਸੁਧਾਈ, 2017 ਦੌਰਾਨ ਵੋਟਾਂ ਦੀ ਵੱਧ ਤੋਂ ਵੱਧ ਰਜਿਸਟਰੇਸਨ ਲਈ ਸੈਕੰਡਰੀ ਸਕੂਲਾ ਦੇ ਮੁੱਖੀਆ ਨਾਲ ਮੀਟਿੰਗ।

ਉਪਰੋਕਤ ਵਿਸ਼ੇ ਪੁਰ ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਹਦਾਇਤਾ ਅਨੁਸਾਰ ਵਿਸ਼ਾ ਅਧੀਨ ਸੁਧਾਈ ਦੌਰਾਨ 18-19 ਸਾਲ ਵਾਲੇ ਵਰਗ ਦੇ ਨਾਗਰਿਕਾ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਣੀ ਹੈ। ਇਸ ਰਜਿਸਟਰੇਸ਼ਨ ਤਹਿਤ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਚੋਣ ਹਲਕੇ ਵਿੱਚ ਪੈਂਦੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸੈਕੰਡਰੀ ਸਕੂਲਾ ਦੇ ਮੁੱਖੀਆ ਨਾਲ ਨਿਮਨ ਲਿਖਤ ਮਿਤੀਆ ਨੂੰ ਮੀਟਿੰਗ ਕੀਤੀ ਜਾਵੇ:-

| ਲੜੀ ਨੰ. | ਮੀਟਿੰਗ ਦੀ ਮਿਤੀ |
|---|---|
| 1. | 16.09.2016 |
| 2. | 23.09.2016 |

ਮਿਤੀ 16.09.2016 ਨੂੰ ਹੋਣ ਵਾਲੀ ਮੀਟਿੰਗ ਵਿੱਚ ਸਕੂਲ ਦੇ ਮੁੱਖੀ ਨੂੰ ਹਦਾਇਤ ਕੀਤੀ ਜਾਵੇ ਕਿ ਉਸਦੇ ਅਧੀਨ ਪੈਂਦੇ ਸਕੂਲ ਵਿੱਚ ਪੜਦੇ ਵਿਦਿਆਰਥੀਆ, ਜਿਹਨਾਂ ਦੀ ਜਨਮ ਮਿਤੀ 01.01.1999 ਜਾਂ ਉਸ ਤੋਂ ਪਹਿਲਾ ਦੀ ਹੈ, ਦੀ ਲਿਸਟ ਨਿਮਨ ਲਿਖਤ ਪ੍ਰੋਫਾਰਮੇ ਵਿੱਚ ਲੈ ਕੇ ਆਉਣ:-

ਪ੍ਰੋਫਾਰਮਾ

ਸਕੂਲ ਦਾ ਨਾਮ :-

| ਲੜੀ ਨੰ. | ਵਿਦਿਆਰਥੀ ਦਾ ਨਾਮ | ਵਿਦਿਆਰਥੀ ਦੇ ਪਿਤਾ ਦਾ ਨਾਮ | ਜਨਮ ਮਿਤੀ | ਵਿਦਿਆਰਥੀ ਦੇ ਘਰ ਦਾ ਪੂਰਾ ਪਤਾ |
|---|---|---|---|---|
| | | | | |

*ਸਕੂਲ ਦੇ ਮੁੱਖੀਦੇ ਹਸਤਾਖਰ ਸਮੇਤ ਮੋਹਰ*

ਮਿਤੀ 16.09.2016 ਦੀ ਮੀਟਿੰਗ ਦੌਰਾਨ ਸਕੂਲ ਦੇ ਮੁੱਖੀਆ ਵੱਲੋਂ ਲਿਆਦੀ ਗਈ ਲਿਸਟ ਆਪਣੇ ਦਫ਼ਤਰ ਵਿਖੇ ਜਮ੍ਹਾਂ ਕਰ ਲਈ ਜਾਵੇ ਅਤੇ ਮੀਟਿੰਗ ਦੌਰਾਨ ਹੀ ਲਿਸਟ ਵਿੱਚ ਦਰਜ਼ ਵਿਦਿਆਰਥੀਆ ਦੀ ਗਿਣਤੀ ਅਨੁਸਾਰ ਸਬੰਧਤ ਮੁੱਖੀ ਨੂੰ ਫਾਰਮ 6 ਸਪਲਾਈ ਕਰ ਦਿੱਤੇ ਜਾਣ ਅਤੇ ਮਿਤੀ 23.09.2016 ਦੀ ਮੀਟਿੰਗ ਵਿੱਚ ਫਾਰਮ 6 ਪੁਰ ਕਰਕੇ (ਸਮੇਤ ਲੋੜੀਂਦੇ ਦਸਤਾਵੇਜ) ਲਿਆਉਣ ਦੀ ਹਦਾਇਤ ਕਰ ਦਿੱਤੀ ਜਾਵੇ। ਮਿਤੀ 23.09.2016 ਦੀ ਮੀਟਿੰਗ ਦੌਰਾਨ ਲਿਸਟ ਮੁਤਾਬਿਕ ਵਿਦਿਆਰਥੀਆ ਦੇ ਫਾਰਮ 6 ਜਮ੍ਹਾਂ ਕਰ ਲਏ ਜਾਣ।

ਮੀਟਿੰਗ ਦੇ ਸਥਾਨ ਅਤੇ ਸਮੇਂ ਬਾਰੇ ਆਪ ਦੇ ਅਧੀਨ ਪੈਂਦੇ ਸਕੂਲਾ ਦੇ ਪ੍ਰਿੰਸੀਪਲਾ ਨੂੰ ਸਿੱਧੇ ਤੌਰ ਤੇ ਸੂਚਿਤ ਕਰ ਦਿੱਤਾ ਜਾਵੇ। ਦੋਵਾਂ ਮੀਟਿੰਗਾਂ ਦੀ ਕਵਰਜ ਡੀ.ਪੀ.ਆਰ.ਓ. ਰਾਹੀਂ ਕਰਵਾਈ ਜਾਵੇ ਅਤੇ ਪ੍ਰੈਸ ਨੋਟ ਦੀ ਕਲਿਪਿੰਗ ਅਤੇ ਮੀਟਿੰਗ ਦੀਆ ਫੋਟੋਆ ਈ-ਮੇਲ ਰਾਹੀਂ ਇਸ ਦਫ਼ਤਰ ਨੂੰ ਭੇਜ਼ ਦਿੱਤੀਆ ਜਾਣ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਵਾਂ: ਜਿਲ੍ਹਾ ਚੋਣ ਅਫ਼ਸਰ,
ਅੰਮ੍ਰਿਤਸਰ।

ਪਿੱਠ ਅੰਕਣ ਨੰ. ਚੋਣ-2016/ 1068 ਮਿਤੀ : ਅੰਮ੍ਰਿਤਸਰ 12 ਸਤੰਬਰ, 2016.

ਇਸ ਦਾ ਇੱਕ ਉਤਾਰਾ:-

1. ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਅੰਮ੍ਰਿਤਸਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਲ੍ਹੇ ਵਿੱਚ ਪੈਂਦੇ ਸਮੂਹ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸੈਕੰਡਰੀ ਸਕੂਲਾ ਦੇ ਪ੍ਰਿੰਸੀਪਲਾ/ਮੁੱਖੀਆ ਨੂੰ ਮਿਤੀ 15.09.2016 ਤੱਕ ਉਕਤ ਪ੍ਰੋਫਾਰਮੇ ਵਿੱਚ ਵਿਦਿਆਰਥੀਆ ਦੀ ਲਿਸਟ, ਜਿਨ੍ਹਾਂ ਦੀ ਜਨਮ ਮਿਤੀ 01.01.1999 ਜਾਂ ਉਸ ਤੋਂ ਪਹਿਲਾ ਦੀ ਹੈ, ਤਿਆਰ ਕਰਨ ਦੀ ਹਦਾਇਤ ਕਰ ਦਿੱਤੀ ਜਾਵੇ ਤਾਂ ਜੋ ਮੀਟਿੰਗ ਵਿੱਚ ਇਹ ਲਿਸਟ ਨਾਲ ਲਿਆਦੀ ਜਾ ਸਕੇ। ਮੀਟਿੰਗ ਦੇ ਸਥਾਨ ਅਤੇ ਸਮੇਂ ਬਾਰੇ ਸਬੰਧਤ ਈ.ਆਰ.ਓ. ਵੱਲੋਂ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ।
2. ਨੋਡਲ ਅਫ਼ਸਰ (ਸਵੀਪ)-ਕਮ- ਜੁਆਇੰਟ ਕਮਿਸ਼ਨ, ਨਗਰ ਨਿਗਮ, ਅੰਮ੍ਰਿਤਸਰ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਵਾਂ: ਜਿਲ੍ਹਾ ਚੋਣ ਅਫ਼ਸਰ,
ਅੰਮ੍ਰਿਤਸਰ।